ਵੈਕਸੀਨ ਜਾਣਕਾਰੀ ਵੇਰਵਾ

# MMRV ਵੈਕਸੀਨ (ਖਸਰਾ, ਮੰਪਸ, ਰੁਬੈਲਾ ਅਤੇ ਵਾਰੀਸੈਲਾ) ਤੁਹਾਨੂੰ ਕੀ ਜਾਣਨ ਦੀ ਲੋੜ ਹੈ

Many vaccine information statements are available in Punjabi and other languages. See www.immunize.org/vis

ਕਈ ਵੈਕਸੀਨ ਜਾਣਕਾਰੀ ਬਿਆਨ ਪੰਜਾਬੀ ਅਤੇ ਹੋਰਨਾ ਭਾਸ਼ਾਵਾਂ ਵਿੱਚ ਉਪਲਬਧ ਹਨ। www.immunize.org/vis ਵੇਖੋ।

## 1. ਵੈਕਸੀਨ ਕਿਉਂ ਲਗਵਾਈਏ?

MMRV **ਵੈਕਸੀਨ ਖਸਰਾ, ਮੰਪਸ, ਰੁਬੈਲਾ**, ਅਤੇ **ਵਾਰੀਸੈਲਾ ਦੀ ਰੋਕਥਾਮ ਕਰ ਸਕਦੀ ਹੈ**।

- **ਖਸਰਾ (M)** ਦੇ ਕਾਰਨ ਬੁਖ਼ਾਰ, ਖਾਂਸੀ, ਨੱਕ ਵਹਿਣਾ, ਅਤੇ ਲਾਲ ਪਾਣੀ ਭਰੀਆਂ ਅੱਖਾਂ ਹੁੰਦੀਆਂ ਹਨ, ਜਿਸ ਤੋਂ ਬਾਅਦ ਆਮ ਤੌਰ 'ਤੇ ਪੂਰੇ ਸਰੀਰ ਨੂੰ ਢੱਕਣ ਵਾਲੇ ਦਾਣੇ ਹੋ ਜਾਂਦੇ ਹਨ। ਇਸ ਨਾਲ ਦੌਰੇ (ਅਕਸਰ ਬੁਖ਼ਾਰ ਨਾਲ ਜੁੜੇ), ਕੰਨ ਵਿੱਚ ਲਾਗ, ਦਸਤ ਅਤੇ ਨਮੂਨੀਆ ਹੋ ਸਕਦਾ ਹੈ। ਵਿਰਲੇ ਹੀ ਕਦੇ, ਖਸਰਾ ਨਾਲ ਦਿਮਾਗ ਨੂੰ ਨੁਕਸਾਨ ਜਾਂ ਮੌਤ ਹੋ ਸਕਦੀ ਹੈ।
- **ਮੰਪਸ (M)** ਬੁਖ਼ਾਰ, ਸਿਰਦਰਦ, ਮਾਸਪੇਸ਼ੀਆਂ ਵਿੱਚ ਦਰਦ, ਥਕਾਨ, ਭੁੱਖ ਨਾ ਲੱਗਣਾ, ਅਤੇ ਕੰਨਾਂ ਹੇਠਾਂ ਲਾਰ ਗ੍ਰੰਥੀਆਂ ਵਿੱਚ ਸੋਜ ਅਤੇ ਦਰਦ ਦਾ ਕਾਰਨ ਬਣਦਾ ਹੈ। ਇਹ ਬਹਿਰੇਪਣ, ਦਿਮਾਗ ਅਤੇ/ਜਾਂ ਰੀੜ ਦੀ ਹੱਡੀ ਦੀ ਕਵਰਿੰਗ ਦੀ ਸੋਜ, ਅੰਡਕੋਸ਼ ਜਾਂ ਅੰਡਾਸ਼ਯ ਦੀ ਦਰਦਨਾਕ ਸੋਜ, ਅਤੇ, ਬਹੁਤ ਹੀ ਵਿਰਲੇ ਮੌਤ ਦਾ ਕਾਰਨ ਬਣ ਸਕਦਾ ਹੈ।
- **ਰੁਬੈਲਾ (R)** ਬੁਖ਼ਾਰ, ਗਲੇ ਵਿੱਚ ਖਰਾਸ਼, ਦਾਣੇ, ਸਿਰਦਰਦ ਅਤੇ ਅੱਖਾਂ ਵਿੱਚ ਜਲਣ ਪੈਦਾ ਕਰਦਾ ਹੈ। ਇਹ ਅੱਧੇ ਤੱਕ ਨੌਜਵਾਨਾਂ ਅਤੇ ਬਾਲਗ ਮਹਿਲਾਵਾਂ ਵਿੱਚ ਗਠੀਏ ਦਾ ਕਾਰਨ ਬਣ ਸਕਦਾ ਹੈ। ਜੇਕਰ ਕਿਸੇ ਮਹਿਲਾ ਨੂੰ ਗਰਭਅਵਸਥਾ ਦੌਰਾਨ ਰੁਬੇਲਾ ਹੋ ਜਾਂਦਾ ਹੈ, ਤਾਂ ਉਸ ਦਾ ਗਰਭਪਾਤ ਹੋ ਸਕਦਾ ਹੈ ਜਾਂ ਫਿਰ ਬੱਚਾ ਗੰਭੀਰ ਜਨਮ ਦੋਸ਼ਾਂ ਨਾਲ ਪੈਦਾ ਹੋ ਸਕਦਾ ਹੈ।
- **ਵਾਰੀਸੈਲਾ (V)** , ਜਿਸ ਨੂੰ ਕਿ "ਚਕਿਨਪੋਕਸ" ਵੀ ਕਿਹਾ ਜਾਂਦਾ ਹੈ, ਬੁਖ਼ਾਰ ਦੇ ਨਾਲ-ਨਾਲ ਜਲੀਦਾਰ ਦਾਣਿਆਂ, ਥਕਾਨ, ਭੁੱਖ ਨਾ ਲੱਗਣਾ ਅਤੇ ਸਿਰਦਰਦ ਦਾ ਕਾਰਨ ਬਣ ਸਕਦਾ ਹੈ। ਇਹ ਚਮੜੀ ਦੇ ਲਾਗ, ਨਮੂਨੀਆ, ਖ਼ੂਨ ਦੀਆਂ ਕੋਸ਼ਿਕਾਵਾਂ ਵਿੱਚ ਸੋਜ, ਦਿਮਾਗ ਅਤੇ/ਜਾਂ ਰੀੜ ਦੀ ਹੱਡੀ ਦੀ ਕਵਰਿੰਗ ਵਿੱਚ ਸੋਜ ਅਤੇ ਖ਼ੂਨ ਦੇ ਪ੍ਰਵਾਹ, ਹੱਡੀਆਂ ਜਾਂ ਜੋੜਾਂ ਵਿੱਚ ਲਾਗਾਂ ਦਾ ਕਾਰਨ ਬਣ ਸਕਦਾ ਹੈ। ਕੁਝ ਲੋਕ ਜਿਨ੍ਹਾਂ ਨੂੰ ਕਿ ਚਕਿਨਪੋਕਸ ਹੁੰਦਾ ਹੈ, ਉਨ੍ਹਾਂ ਨੂੰ ਸਾਲਾਂ ਬਾਅਦ "ਸ਼ਿੰਗਿਲਸ" (ਜਿਸ ਨੂੰ ਕਿ ਹਰਪੀਜ਼ ਜ਼ੋਸਟਰ ਵੀ ਕਿਹਾ ਜਾਂਦਾ ਹੈ) ਨਾਮਕ ਦਰਦਨਾਕ ਦਾਣੇ ਹੋ ਜਾਂਦੇ ਹਨ।

MMRV ਵੈਕਸੀਨ ਲਗਵਾਉਣਨ ਵਾਲੇ ਜ਼ਿਆਦਾਤਰ ਲੋਕ ਜੀਵਨ ਭਰ ਸੁਰੱਖਿਅਤ ਰਹਿਣਗੇ। ਸੰਯੁਕਤ ਰਾਜ ਅਮਰੀਕਾ ਵਿੱਚ ਵੈਕਸੀਨਾਂ ਅਤੇ ਟੀਕਾਕਰਨ ਦੀਆਂ ਉੱਚ ਦਰਾਂ ਨੇ ਇਨ੍ਹਾਂ ਬੀਮਾਰੀਆਂ ਨੂੰ ਬਹੁਤ ਘੱਟ ਕਰ ਦਿੱਤਾ ਹੈ।

## 2. MMRV ਵੈਕਸੀਨ:

MMRV ਵੈਕਸੀਨ **12 ਮਹੀਨੇ ਤੋਂ 12 ਸਾਲ ਤੱਕ ਦੇ ਬੱਚਿਆਂ** ਨੂੰ ਦਿੱਤਾ ਜਾ ਸਕਦਾ ਹੈ, ਆਮ ਤੌਰ 'ਤੇ:

- 12 ਤੋਂ 15 ਮਹੀਨਿਆਂ ਦੀ ਉਮਰ ਵਿੱਚ ਪਹਿਲੀ ਖ਼ੁਰਾਕ
- 4 ਤੋਂ 6 ਸਾਲਾਂ ਦੀ ਉਮਰ ਵਿੱਚ ਦੂਸਰੀ ਖ਼ੁਰਾਕ

MMRV ਵੈਕਸੀਨ ਹੋਰਨਾਂ ਵੈਕਸੀਨਾਂ ਨੂੰ ਦੇਣ ਸਮੇਂ ਦਿੱਤੀ ਜਾ ਸਕਦੀ ਹੈ। MMRV ਦੀ ਬਜਾਏ, ਕੁਝ ਬੱਚਿਆਂ ਨੂੰ MMR (ਖਸਰਾ, ਮੰਪਸ, ਅਤੇ ਰੁਬੇਲਾ) ਅਤੇ ਵਾਰੀਸੈਲਾ ਦਾ ਲਈ ਵੱਖਰੇ ਟੀਕੇ ਸਕਦੇ ਹਨ। ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ।

## 3. ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨਾਲ ਗੱਲਬਾਤ ਕਰੋ

ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ ਜੇਕਰ ਟੀਕਾ ਲੱਗਵਾ ਰਹਿਾ ਵਿਅਕਤੀ:

- ਨੂੰ **MMRV, MMR ਜਾਂ ਵਾਰੀਸੈਲਾ ਵੈਕਸੀਨ ਦੀ ਪਿਛਲੀ ਖ਼ੁਰਾਕ ਤੋਂ ਬਾਅਦ ਐਲਰਜੀ ਦੀ ਪ੍ਰਤੀਕਿਰਿਆ ਹੋਈ ਸੀ** , ਜਾਂ ਫਿਰ ਉਸਨੂੰ ਕੋਈ **ਗੰਭੀਰ, ਜਾਨ-ਲੇਵਾ ਐਲਰਜੀਆਂ ਹਨ**
- **ਗਰਭਵਤੀ ਹੈ** ਜਾਂ ਸੋਚਦੇ ਹਨ ਕਿ ਗਰਭਵਤੀ ਹੋ ਸਕਦੇ ਹਨ—ਗਰਭਵਤੀ ਮਹਿਲਾਵਾਂ ਨੂੰ MMRV ਵੈਕਸੀਨ ਨਹੀਂ ਲਗਵਾਉਣੀ ਚਾਹੀਦੀ।
- ਦੀ **ਕਮਜ਼ੋਰ ਪ੍ਰਤਰਿੱਖਿਆ ਪ੍ਰਣਾਲੀ** ਹੈ, ਜਾਂ ਇਨ੍ਹਾਂ ਦੇ **ਮਾਤਾ-ਪਿਤਾ, ਭਰਾ ਜਾਂ ਭੈਣ ਹਨ ਜਿਨ੍ਹਾਂ ਦੀ ਵੰਸ਼ਾਨੁਗਤ ਜਾਂ ਜਨਮਜਾਤ ਪ੍ਰਤਰਿੱਖਿਆ ਪ੍ਰਣਾਲੀ ਸਮੱਸਿਆਵਾਂ ਦਾ ਇਤਿਹਾਸ ਰਹਿਾ ਹੈ**
- ਨੂੰ ਕਦੇ ਵੀ ਅਜਿਹੀ **ਸਥਿਤੀ ਹੋਈ ਹੈ ਜਿਸ ਨਾਲ ਕਿ ਸੱਟ ਲੱਗਣ 'ਤੇ ਆਸਾਨੀ ਨਾਲ ਨੀਲ ਪੈ ਜਾਂਦਾ ਹੈ ਜਾਂ ਖ਼ੂਨ ਨਿਕਲਦਾ ਹੈ**
- ਦਾ **ਦੌਰੇ ਪੈਣ ਦਾ ਇਤਿਹਾਸ ਹੈ**, ਜਾਂ ਇਨ੍ਹਾਂ ਦੇ **ਮਾਤਾ-ਪਿਤਾ, ਭਰਾ ਜਾਂ ਭੈਣ ਹਨ ਜਿਨ੍ਹਾਂ ਦਾ ਦੌਰੇ ਪੈਣ ਦਾ ਇਤਿਹਾਸ ਰਹਿਾ ਹੈ**
- **ਸੇਲੀਸਾਈਲੇਟ ਲੈ ਰਹੇ ਹਨ ਜਾਂ ਲੈਣ ਦੀ ਯੋਜਨਾ ਬਣਾ ਰਹੇ ਹਨ** (ਜਿਵੇਂ ਕਿ ਐਸਪਰਿਨ)
- ਨੇ ਹਾਲ ਹੀ ਵਿੱਚ **ਬਲੱਡ ਟਰਾਂਸਫਿਊਜ਼ਨ ਕਰਵਾਈ ਹੈ ਜਾਂ ਫਿਰ ਹੋਰ ਖ਼ੂਨ ਉਤਪਾਦ ਹਾਸਲ ਕੀਤੇ ਹਨ**
- ਨੂੰ **ਤਪੇਦਿਕ ਹੈ**
- ਨੇ **ਪਿਛਲੇ 4 ਹਫਤਿਆਂ ਵਿੱਚ ਕੋਈ ਹੋਰ ਵੈਕਸੀਨ ਲਗਵਾਈ ਹੈ**

ਕੁਝ ਮਾਮਲਿਆਂ ਵਿੱਚ, ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ MMRV ਟੀਕਾਕਰਨ ਨੂੰ ਭਵਿੱਖ ਦੀ ਮੁਲਾਕਾਤ ਤੱਕ ਮੁਲਤਵੀ ਕਰਨ ਦਾ ਫੈਸਲਾ ਲੈ ਸਕਦਾ ਹੈ ਜਾਂ ਫਿਰ ਇਹ ਸਿਫਾਰਸ਼ ਕਰ ਸਕਦਾ ਹੈ ਕਿ ਬੱਚੇ ਨੂੰ MMRV ਦੀ ਬਜਾਏ ਵੱਖਰੇ MMR ਅਤੇ ਵਾਰੀਸੇਲਾ ਵੈਕਸੀਨ ਲੱਗਣ।

ਸਰਦੀ-ਜ਼ੁਕਾਮ ਵਰਗੀਆਂ ਛੋਟੀਆ-ਮੋਟੀਆਂ ਬੀਮਾਰੀਆਂ ਵਾਲੇ ਲੋਕਾਂ ਨੂੰ ਵੈਕਸੀਨ ਲਗਾਈ ਜਾ ਸਕਦੀ ਹੈ। ਮੱਧਮ ਜਾਂ ਗੰਭੀਰ ਰੂਪ ਵਿੱਚ ਬੀਮਾਰ ਬੱਚਿਆਂ ਨੂੰ MMRV ਵੈਕਸੀਨ ਲਗਵਾਉਣ ਤੋਂ ਪਹਿਲਾਂ ਠੀਕ ਹੋ ਜਾਣ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ।



U.S. Department of Health and Human Services
Centers for Disease Control and Prevention

## 4. ਵੈਕਸੀਨ ਪ੍ਰਤੀਕਰਿਆ ਦੇ ਜੋਖਮ

- MMRV ਟੀਕਾਕਰਨ ਤੋਂ ਬਾਅਦ ਇੰਜੈਕਸ਼ਨ ਕਾਰਨ ਬਾਂਹ ਵਿੱਚ ਦਰਦ, ਟੀਕਾ ਲੱਗਣ ਦੇ ਸਥਾਨ 'ਤੇ ਲਾਲੀ, ਬੁਖ਼ਾਰ, ਅਤੇ ਹਲਕੇ ਦਾਣੇ ਹੋ ਸਕਦੇ ਹਨ।
- MMRV ਟੀਕਾਕਰਨ ਤੋਂ ਬਾਅਦ ਕਦੇ-ਕਦੇ ਗੱਲਾਂ ਜਾਂ ਗਰਦਨ ਵਿੱਚ ਗ੍ਰੰਥੀਆਂ ਦੀ ਸੋਜ ਜਾਂ ਫਿਰ ਜੋੜਾਂ ਵਿੱਚ ਅਸਥਾਈ ਦਰਦ ਅਤੇ ਅਕੜਾਅ ਹੁੰਦਾ ਹੈ।
- ਦੌਰੇ, ਜੋ ਅਕਸਰ ਬੁਖ਼ਾਰ ਨਾਲ ਜੁੜੇ ਹੁੰਦੇ ਹਨ, MMRV ਵੈਕਸੀਨ ਤੋਂ ਬਾਅਦ ਪੈ ਸਕਦੇ ਹਨ। ਛੋਟੇ ਬੱਚਿਆਂ ਵਿੱਚ ਦੋ ਖ਼ੁਰਾਕ ਦੀ ਲੜੀ ਦੀ ਪਹਿਲੀ ਖ਼ੁਰਾਕ ਦੇ ਰੂਪ ਵਿੱਚ ਦਿੱਤੇ ਜਾਣ 'ਤੇ ਅਲੱਗ-ਅਲੱਗ MMR ਅਤੇ ਵੇਰੀਸੇਲਾ ਵੈਕਸੀਨ ਦੀ ਤੁਲਨਾ ਵਿੱਚ MMRV ਤੋਂ ਬਾਅਦ ਦੌਰੇ ਦਾ ਜ਼ੋਖਮ ਵਧੇਰੇ ਹੁੰਦਾ ਹੈ। ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਤੁਹਾਡੇ ਬੱਚੇ ਲਈ ਢੁੱਕਵੇਂ ਟੀਕਿਆਂ ਬਾਰੇ ਸਲਾਹ ਦੇ ਸਕਦਾ ਹੈ।
- ਜ਼ਿਆਦਾ ਗੰਭੀਰ ਉਲਟ ਪ੍ਰਭਾਵ ਵਿਰਲੇ ਹੀ ਕਦੇ ਹੁੰਦੇ ਹਨ, ਜਿਨ੍ਹਾਂ ਵਿੱਚ ਅਸਥਾਈ ਘੱਟ ਪਲੇਟਲੈੱਟ ਸੰਖਿਆ ਸ਼ਾਮਲ ਹੈ, ਜੋ ਕਿ ਅਸਮਾਨ ਖ਼ੂਨ ਦੇ ਰਿਸਾਅ ਜਾਂ ਨੀਲ ਪੈਣ ਦਾ ਕਾਰਨ ਬਣ ਸਕਦੀ ਹੈ।
- ਪ੍ਰਤਰਿੱਖਿਆ ਪ੍ਰਣਾਲੀ ਦੀ ਗੰਭੀਰ ਸਮੱਸਿਆਵਾਂ ਵਾਲੇ ਲੋਕਾਂ ਵਿੱਚ, ਇਹ ਟੀਕਾ ਲਾਗ ਦਾ ਕਾਰਨ ਬਣ ਸਕਦਾ ਹੈ ਜੋ ਕਿ ਜੀਵਨ ਲਈ ਖਤਰਾ ਹੋ ਸਕਦਾ ਹੈ। ਪ੍ਰਤਰਿੱਖਿਆ ਪ੍ਰਣਾਲੀ ਦੀ ਗੰਭੀਰ ਸਮੱਸਿਆਵਾਂ ਵਾਲੇ ਲੋਕਾਂ ਨੂੰ MMRV ਵੈਕਸੀਨ ਨਹੀਂ ਲਗਵਾਉਣੀ ਚਾਹੀਦੀ।

ਜੇਕਰ ਕਿਸੇ ਵਿਅਕਤੀ ਦੇ MMRV ਟੀਕਾਕਰਨ ਤੋਂ ਬਾਅਦ ਦਾਣੇ ਹੋ ਜਾਂਦੇ ਹਨ, ਤਾਂ ਇਹ ਜਾਂ ਤਾਂ ਖਸਰਾ ਜਾਂ ਫਿਰ ਟੀਕੇ ਦੇ ਵਾਰੀਸੇਲਾ ਘਟਕ ਨਾਲ ਸਬੰਧਿਤ ਹੋ ਸਕਦਾ ਹੈ। ਵਾਰੀਸੇਲਾ ਵੈਕਸੀਨ ਦਾ ਵਾਇਰਸ ਅਸੁਰੱਖਿਅਤ ਵਿਅਕਤੀ ਵਿੱਚ ਫੈਲ ਸਕਦਾ ਹੈ। ਜਿਸ ਕਿਸੇ ਦੇ ਵੀ ਦਾਣੇ ਹੋ ਜਾਂਦੇ ਹਨ, ਉਨ੍ਹਾਂ ਨੂੰ ਬੱਚਿਆਂ ਅਤੇ ਕਮਜ਼ੋਰ ਪ੍ਰਤਰਿੱਖਿਆ ਪ੍ਰਣਾਲੀ ਵਾਲੇ ਲੋਕਾਂ ਤੋਂ ਉਦੋਂ ਤੱਕ ਦੂਰ ਰਹਿਣਾ ਚਾਹੀਦਾ ਹੈ ਜਦੋਂ ਤੱਕ ਕਿ ਇਹ ਦਾਣੇ ਖਤਮ ਨਾ ਹੋ ਜਾਣ। ਵਧੇਰੇ ਜਾਣਨ ਲਈ ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨਾਲ ਗੱਲਬਾਤ ਕਰੋ।

ਕੁਝ ਲੋਕ ਜਿਹਨਾਂ ਨੂੰ ਕਿ ਚਿਕਨਪੋਕਸ ਲਈ ਵੈਕਸੀਨ ਲਗਾਈ ਜਾਂਦੀ ਹੈ, ਉਨ੍ਹਾਂ ਨੂੰ ਸਾਲਾਂ ਬਾਅਦ ਸ਼ਿੰਗਲਜ਼ (ਹਰਪੀਜ਼ ਜ਼ੋਸਟਰ) ਹੋ ਜਾਂਦੀ ਹੈ। ਚਿਕਨਪੋਕਸ ਰੋਗ ਤੋਂ ਬਾਅਦ ਦੇ ਮੁਕਾਬਲੇ ਇਹ ਟੀਕਾਕਰਨ ਤੋਂ ਬਾਅਦ ਬਹੁਤ ਘੱਟ ਆਮ ਹੈ।

ਟੀਕਾਕਰਨ ਸਮੇਤ, ਮੈਡੀਕਲ ਪ੍ਰਕਰਿਆਵਾਂ ਤੋਂ ਬਾਅਦ ਲੋਕ ਕਦੇ-ਕਦੇ ਬੇਹੋਸ਼ ਹੋ ਜਾਂਦੇ ਹਨ। ਜੇਕਰ ਤੁਹਾਨੂੰ ਚੱਕਰ ਆ ਰਹੇ ਹਨ ਜਾਂ ਫਿਰ ਨਜ਼ਰ ਵਿੱਚ ਬਦਲਾਵ ਹੈ ਜਾਂ ਕੰਨ ਵੱਜ ਰਹੇ ਹਨ, ਤਾਂ ਆਪਣੇ ਪ੍ਰਦਾਤਾ ਨੂੰ ਦੱਸੋ।

ਕਿਸੇ ਵੀ ਦਵਾਈ ਵਾਂਗ, ਇਸ ਗੱਲ ਦੀ ਇੱਕ ਬਹੁਤ ਘੱਟ ਸੰਭਾਵਨਾ ਹੁੰਦੀ ਹੈ ਕਿ ਕਿਸੇ ਵੈਕਸੀਨ ਨਾਲ ਗੰਭੀਰ ਐਲਰਜੀ ਪ੍ਰਤੀਕਰਿਆ, ਹੋਰ ਗੰਭੀਰ ਸੱਟ, ਜਾਂ ਫਿਰ ਮੌਤ ਹੋ ਸਕਦੀ ਹੈ।

## 5. ਜੇਕਰ ਕੋਈ ਗੰਭੀਰ ਸਮੱਸਿਆ ਹੈ, ਤਾਂ ਕੀ ਕਰੀਏ?

ਟੀਕਕਰਨ ਕਰਵਾਉਣ ਵਾਲੇ ਵਿਅਕਤੀ ਦੇ ਕਲੀਨਿਕ ਛੱਡਣ ਤੋਂ ਬਾਅਦ ਐਲਰਜੀ ਦੀ ਪ੍ਰਤੀਕਰਿਆ ਹੋ ਸਕਦੀ ਹੈ। ਜੇਕਰ ਤੁਸੀਂ ਇਕ ਗੰਭੀਰ ਐਲਰਜੀ ਪ੍ਰਤੀਕਰਿਆ (ਪਿੱਤੀ, ਚਿਹਰੇ ਅਤੇ ਗਲੇ ਦੀ ਸੋਜ, ਸਾਹ ਲੈਣ ਵਿੱਚ ਔਖਿਆਈ, ਦਿਲ ਦੀ ਤੇਜ਼ ਧੜਕਨ, ਚੱਕਰ ਆਉਣਾ, ਜਾਂ ਕਮਜ਼ੋਰੀ) ਦੇ ਲੱਛਣ ਦੇਖਦੇ ਹੋ, ਤਾਂ **9-1-1** 'ਤੇ ਕਾਲ ਕਰੋ ਅਤੇ ਉਸ ਵਿਅਕਤੀ ਨੂੰ ਨੇੜੇ ਦੇ ਹਸਪਤਾਲ ਲੈ ਜਾਓ।

ਹੋਰਨਾਂ ਸੰਕੇਤਾਂ ਲਈ ਜੋ ਕਿ ਤੁਹਾਡੀ ਚਿੰਤਾ ਦਾ ਕਾਰਨ ਹਨ, ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨੂੰ ਕਾਲ ਕਰੋ।

ਵੈਕਸੀਨ ਪ੍ਰਤੀਕੂਲ ਘਟਨਾ ਰਿਪੋਰਟਿੰਗ ਸਿਸਟਮ (Vaccine Adverse Event Reporting System - VAERS) ਨੂੰ ਮਾੜੇ ਪ੍ਰਭਾਵਾਂ ਦੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਆਮ ਤੌਰ 'ਤੇ ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਇਹ ਰਿਪੋਰਟ ਦਰਜ ਕਰੇਗਾ, ਜਾਂ ਫਿਰ ਤੁਸੀਂ ਇਸ ਨੂੰ ਖ਼ੁਦ ਕਰ ਸਕਦੇ ਹੋ। **www.vaers.hhs.gov** 'ਤੇ VAERS ਦੀ ਵੈਬਸਾਈਟ 'ਤੇ ਜਾਓ ਜਾਂ ਫਿਰ **1-800-822-7967** 'ਤੇ ਕਾਲ ਕਰੋ। VAERS ਸਿਰਫ ਪ੍ਰਤੀਕਰਿਆਵਾਂ ਦੀ ਰਿਪੋਰਟ ਕਰਨ ਲਈ ਹੈ, ਅਤੇ VAERS ਦੇ ਸਟਾਫ ਸਦੱਸ ਡਾਕਟਰੀ ਸਲਾਹ ਨਹੀਂ ਦਿੰਦੇ ਹਨ।

## 6. ਰਾਸ਼ਟਰੀ ਵੈਕਸੀਨ ਸੱਟ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program)

ਰਾਸ਼ਟਰੀ ਵੈਕਸੀਨ ਸੱਟ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program - VICP) ਇਕ ਸੰਘੀ ਪ੍ਰੋਗਰਾਮ ਹੈ ਜੋ ਕਿ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਿਆ ਸੀ ਜਿਨ੍ਹਾਂ ਨੂੰ ਹੋ ਸਕਦਾ ਹੈ ਕੀ ਕੁਝ ਵੈਕਸੀਨਾਂ ਤੋਂ ਸੱਟ ਲੱਗੀ ਹੋ। ਟੀਕਾਕਰਨ ਦੇ ਕਾਰਨ ਕਥਿਤ ਸੱਟ ਜਾਂ ਮੌਤ ਦੇ ਦਾਅਵਿਆਂ ਨੂੰ ਦਾਖਲ ਕਰਨ ਦੀ ਸਮਾਂ-ਸੀਮਾ ਹੈ, ਜੋ ਕਿ 2 ਸਾਲ ਤੱਕ ਜਿੰਨੀ ਘੱਟ ਹੋ ਸਕਦੀ ਹੈ। **www.hrsa.gov/vaccinecompensation** 'ਤੇ VICP ਦੀ ਵੈਬਸਾਈਟ 'ਤੇ ਜਾਓ ਜਾਂ ਫਿਰ ਪ੍ਰੋਗਰਾਮ ਬਾਰੇ ਜਾਣਨ ਅਤੇ ਦਾਅਵਾ ਦਾਖਲ ਕਰਨ ਲਈ **1-800-338-2382** 'ਤੇ ਕਾਲ ਕਰੋ।

## 7. ਮੈਂ ਨੂੰ ਹੋਰ ਜਾਨਕਾਰੀ ਕਿੱਥੇ ਮਿਲ ਸਕਦੀ ਹੈ।

- ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨੂੰ ਪੁੱਛੋ।
- ਆਪਣੇ ਸਥਾਨਕ ਰਾਜ ਸਹਿਤ ਵਿਭਾਗ ਨੂੰ ਕਾਲ ਕਰੋ।
- ਵੈਕਸੀਨ ਪੈਕੇਜ ਪਰਚਿਆਂ ਅਤੇ ਵਧੇਰੇ ਜਾਣਕਾਰੀ ਲਈ ਫੂਡ ਐਂਡ ਡਰੀਗ ਐਡਮਨਿਸਟ੍ਰੇਸ਼ਨ (Food and Drug Administration - FDA) ਦੀ ਵੈਬਸਾਈਟ **www.fda.gov/vaccines-blood-biologics/vaccines** 'ਤੇ ਜਾਓ।
- ਰੋਗ ਨਿਯੰਤ੍ਰਣ ਅਤੇ ਰੋਕਥਾਮ ਕੇਂਦਰਾਂ (Centers for Disease Control and Prevention - CDC) ਨਾਲ ਸੰਪਰਕ ਕਰੋ:
  - **1-800-232-4636 (1-800-CDC-INFO)** 'ਤੇ ਕਾਲ ਕਰੋ ਜਾਂ
  - **www.cdc.gov/vaccines** 'ਤੇ CDC ਦੀ ਵੈਬਸਾਈਟ 'ਤੇ ਜਾਓ।

Punjabi translation provided by California Department of Public Health, Immunization Program